ਹੀ ਚੰਗੀ ਸਮਾਜ ...

## 2.3 ਸਮਾਜਿਕ ਅਧਿਐਨ ਦੇ ਅਧਿਆਪਨ ਦੇ ਮੰਤਵ/ਉਦੇਸ਼ (Aims/Objectives of the Teaching of Social Studies)

ਸਮਾਜਿਕ ਅਧਿਐਨ ਦੇ ਅਧਿਆਪਨ ਵਿਚ ਉਦੇਸ਼ਾਂ ਦੀ ਅਹਿਮ ਭੂਮਿਕਾ ਹੁੰਦੀ ਹੈ ਕਿਉਂਕਿ "ਉਦੇਸ਼ਾਂ ਦੀ ਘਾਟ ਵਿਚ ਅਧਿਆਪਕ ਅਜਿਹੇ ਮੱਲਾਹ (Sailor) ਵਾਂਗ ਹੁੰਦਾ ਹੈ, ਜਿਸ ਨੂੰ ਆਪਣੇ ਉਦੇਸ਼ਾਂ ਜਾਂ ਮੰਜ਼ਿਲ ਬਾਰੇ ਜਾਣਕਾਰੀ ਨਹੀਂ ਹੁੰਦੀ ਅਤੇ ਬੱਚਾ ਅਜਿਹੇ ਚੱਪੂ ਵਾਂਗ ਹੁੰਦਾ ਹੈ, ਜੋ ਥਪੇੜੇ ਖਾ-ਖਾ ਕੇ ਕਿਸੇ ਕੰਢੇ 'ਤੇ ਜਾ ਲੱਗੇਗਾ।"[2] ਵੇਜ਼ਲੇ ਅਤੇ ਰੌਂਸਕੀ *(Wesley & Wronski)* ਅਨੁਸਾਰ, "ਉਦੇਸ਼ਾਂ ਦਾ ਕੰਮ ਰਾਹ ਵਿਖਾਉਣਾ, ਟੀਚੇ ਵੱਲ ਸੰਕੇਤ ਕਰਨਾ ਅਤੇ ਵੰਗਾਰਨਾ ਹੈ।" (The functions of objectives are to point out the way to indicate ideals and present the challenge) ਸਿੱਖਿਆ ਵਿਚ ਸਭ ਤੋਂ ਪਹਿਲਾਂ ਉਦੇਸ਼ ਨਿਰਧਾਰਿਤ ਕੀਤੇ ਜਾਂਦੇ ਹਨ, ਉਸ ਤੋਂ ਬਾਅਦ ਵੱਖ-ਵੱਖ ਵਿਸ਼ਿਆਂ ਦੀ ਚੋਣ ਕਰਕੇ ਉਸ ਦੀ ਪ੍ਰਾਪਤੀ ਲਈ ਯਤਨ ਕੀਤੇ ਜਾਂਦੇ ਹਨ। ਸਮੁੱਚੇ ਸਿੱਖਿਆ ਦੇ ਉਦੇਸ਼ਾਂ ਦੀ ਪ੍ਰਾਪਤੀ ਵਿਚ ਸਮਾਜਿਕ ਅਧਿਐਨ ਵਿਸ਼ਾ ਵੀ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦਾ ਹੈ। ਕਿਉਂਕਿ ਸਮਾਜਿਕ ਅਧਿਐਨ ਸਮਾਜ ਦੇ ਅਧਿਐਨ ਨਾਲ ਜੁੜਿਆ ਹੁੰਦਾ ਹੈ, ਇਸ ਕਰਕੇ ਹੋਰ ਵਿਸ਼ਿਆਂ ਦੇ ਮੁਕਾਬਲੇ ਇਸ ਵਿਸ਼ੇ ਦੀ ਕਾਫੀ ਅਹਿਮੀਅਤ ਹੈ। ਤਦੇ ਕੋਠਾਰੀ ਕਮਿਸ਼ਨ (1964-66) ਨੇ ਸਮਾਜਿਕ ਅਧਿਐਨ ਪੜ੍ਹਾਉਣ ਦੇ ਵਿਆਪਕ ਉਦੇਸ਼ ਦੱਸੇ ਹਨ, "ਸਮਾਜਿਕ ਅਧਿਐਨ ਪੜ੍ਹਾਉਣ ਦਾ ਉਦੇਸ਼ ਵਿਦਿਆਰਥੀ ਆਪਣੇ ਵਾਤਾਵਰਨ ਦਾ ਗਿਆਨ ਹਾਸਲ ਕਰਨ, ਮਨੁੱਖੀ ਸੰਬੰਧਾਂ ਦੀ ਜਾਂਚ, ਖਾਸ ਦ੍ਰਿਸ਼ਟੀਕੋਣਾਂ ਅਤੇ ਕੀਮਤਾਂ, ਜਿਹੜੀ ਕਿ ਸਮਾਜ, ਰਾਜ, ਕੌਮ ਅਤੇ ਸੰਸਾਰ ਮਾਮਲੇ ਵਿਚ ਬੌਧਿਕ ਤੌਰ 'ਤੇ ਵਿਚਰਨ ਲਈ ਅਤਿ ਅਹਿਮ ਹਨ। ਭਾਰਤ ਵਿਚ ਉੱਤਮ ਨਾਗਰਿਕਤਾ ਅਤੇ ਭਾਵਨਾਤਮਕ ਏਕਤਾ ਦੇ ਵਿਕਾਸ ਲਈ ਸਮਾਜਿਕ ਅਧਿਐਨ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਲਾਜ਼ਮੀ ਹੈ।" (The aim of teaching social studies is to help the students to acquire knowledge of their environment, an understanding of human relationships and certain attitudes and values which are vital for intelligent participation in the affairs of the community, the state, the nation and the world. An effective programme of social studies is essential in India for the development of good citizenship and emotional integration.) ਇਸ ਤਰ੍ਹਾਂ ਸਮਾਜਿਕ ਅਧਿਐਨ ਸਮਾਜ ਦਾ ਅਧਿਐਨ ਕਰਦਾ ਹੈ, ਇਸ ਪਿੱਛੇ ਮੁੱਖ ਉਦੇਸ਼ ਦੇਸ਼ ਦੇ ਭਵਿੱਖਤ ਨਾਗਰਿਕਾਂ ਨੂੰ ਸਮੁੱਚਾ ਸੰਸਾਰ ਸਮਝਣ ਦੇ ਯੋਗ ਬਣਾਉਣਾ ਹੈ।

ਐੱਨ.ਸੀ.ਈ.ਆਰ.ਟੀ., (NCERT) "ਸਮਾਜਿਕ ਅਧਿਐਨ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਮਾਜਿਕ ਬਣਤਰ ਅਤੇ ਸਮਾਜਿਕ ਕਾਰਜਾਂ ਦੀ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਕਿ ਉਹਨਾਂ ਨੂੰ ਸਮਾਜਿਕ ਤਬਦੀਲੀ ਲਈ ਤਿਆਰ ਕੀਤਾ ਜਾ ਸਕੇ।" (The main aim of teaching social studies is to present social structure and social process to children and thus to prepare them for social change.)

ਅਜ਼ਾਦੀ ਤੋਂ ਬਾਅਦ ਦੇਸ਼ ਦੀ ਸਰਕਾਰ ਨੇ ਸਿੱਖਿਆ ਨੂੰ ਨਵਾਂ ਰੂਪ ਦੇਣ ਦੀ ਸਫ਼ਲ ਕੋਸ਼ਿਸ਼ ਕਰਦੇ ਹੋਏ ਸਿੱਖਿਆ ਦੇ ਉਦੇਸ਼ ਮੁੜ ਤੋਂ ਨਿਰਧਾਰਿਤ ਕੀਤੇ। ਸੁਭਾਵਿਕ ਹੈ ਇਸ ਦਾ ਪ੍ਰਭਾਵ ਸਮਾਜਿਕ ਅਧਿਐਨ ਉੱਤੇ ਵੀ ਪੈਣਾ ਸੀ। ਸਮਾਜਿਕ ਅਧਿਐਨ ਦੇ ਉਦੇਸ਼ਾਂ/ਮੰਤਵਾਂ ਦਾ ਵਿਸਥਾਰ ਵਰਨਣ ਇਸ ਪ੍ਰਕਾਰ ਹੈ :

1. **ਉੱਤਮ ਨਾਗਰਿਕਤਾ ਦਾ ਵਿਕਾਸ** (Development of good citizenship): ਉੱਤਮ ਨਾਗਰਿਕਤਾ ਦਾ ਵਿਕਾਸ ਸਮਾਜਿਕ ਅਧਿਐਨ ਦਾ ਮੁੱਖ ਉਦੇਸ਼ ਹੈ। ਲੋਕਤੰਤਰੀ ਸਮਾਜ ਵਿਚ ਹਰੇਕ ਨਾਗਰਿਕ ਦੇ ਕਰਤੱਵ ਨਿਸ਼ਚਿਤ ਹਨ, ਨਾਲ ਹੀ ਦੇਸ਼ ਇਸ ਗੱਲ ਦੀ ਮੰਗ ਵੀ ਕਰਦਾ ਹੈ ਕਿ ਹਰ ਨਾਗਰਿਕ ਦੇਸ਼ ਦੇ ਵਿਕਾਸ ਵਿਚ ਵੱਡਮੁੱਲਾ ਯੋਗਦਾਨ ਪਾਏ। ਦੇਸ਼ ਇਸ ਗੱਲ ਦੀ ਮੰਗ ਵੀ ਕਰਦਾ ਹੈ ਕਿ ਆਮ ਨਾਗਰਿਕ ਦੇਸ਼ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ ਹੋਣ, ਉਹਨਾਂ ਨੂੰ ਪੂਰੀ-ਪੂਰੀ ਜਾਣਕਾਰੀ ਇਸ ਬਾਬਤ ਹੋਣੀ ਚਾਹੀਦੀ ਹੈ। ਨਾਗਰਿਕਤਾ ਦੀ ਸਿਖਲਾਈ ਸੰਬੰਧੀ ਸੈਕੰਡਰੀ ਸਿੱਖਿਆ ਕਮਿਸ਼ਨ *(Secondary Education Commission)* ਨੇ ਕਿਹਾ ਹੈ, "ਲੋਕਤੰਤਰ ਵਿਚ ਨਾਗਰਿਕਤਾ ਇਕ ਚੁਣੌਤੀਪੂਰਨ ਜ਼ਿੰਮੇਵਾਰੀ ਹੈ, ਜਿਸ ਲਈ ਹਰੇਕ ਨਾਗਰਿਕ ਨੂੰ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚ ਬਹੁਤੇ ਬੋਧਿਕ, ਸਮਾਜਿਕ ਅਤੇ ਨੈਤਿਕ ਗੁਣ ਸ਼ਾਮਲ ਹੁੰਦੇ ਹਨ, ਜਿਨ੍ਹਾਂ ਤੋਂ ਖੁਦ ਵਿਕਸਤ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ।" (Citizenship in a democracy is a very challenging responsibility for which every citizen has to be carefully trained. It involves many intellectual social and moral qualities which cannot be expected to grow out of their own accord.)

2. **ਸਮਾਜਿਕ ਭਾਵਨਾਵਾਂ ਦਾ ਵਿਕਾਸ** (Development of social feelings): ਮਨੁੱਖ ਇਕ ਸਮਾਜਿਕ ਜੀਵ ਹੈ। ਸਮਾਜ ਦੀ ਅਣਹੋਂਦ ਵਿਚ ਉਸਦਾ ਵਿਕਾਸ ਸੰਭਵ ਨਹੀਂ, ਉਸ ਸਮਾਜ ਵਿਚ ਹੀ ਜਨਮ ਲੈਂਦਾ ਹੈ, ਵਿਕਾਸ ਕਰਦਾ ਹੈ ਅਤੇ ਅੰਤ ਨੂੰ ਪ੍ਰਾਪਤ ਹੁੰਦਾ ਹੈ। ਇਸ ਪੱਖੋਂ ਸਮਾਜਿਕ ਸਿਖਲਾਈ ਮਹੱਤਵਪੂਰਨ ਬਣ ਜਾਂਦੀ ਹੈ, ਕਿਉਂਕਿ ਇਹ ਸਰਵਪੱਖੀ ਵਿਕਾਸ ਵਿਚ ਪੂਰਨ ਸਹਾਇਕ ਹੁੰਦੀ ਹੈ। ਸਮਾਜਿਕ ਅਧਿਐਨ ਦਾ ਉਦੇਸ਼ ਵਿਦਿਆਰਥੀਆਂ ਵਿਚ ਸਮਾਜਿਕ ਭਾਵਨਾਵਾਂ ਦਾ ਵਿਕਾਸ ਕਰਕੇ ਉਹਨਾਂ ਨੂੰ ਸਮਾਜ ਦੇ ਅਨੁਕੂਲ ਬਣਾਉਣਾ ਹੈ। ਇਸ ਸੰਬੰਧ ਵਿਚ ਪਾਠਕ੍ਰਮ ਸੁਧਾਰ ਪਰਿਸ਼ਦ, ਲੰਡਨ *(The Council for Curriculum Reform, London)* ਵਲੋਂ ਦਰਜ ਹੈ, "ਸਕੂਲਾਂ ਵਿਚ ਸਮਾਜਿਕ ਅਧਿਐਨ ਦੀ ਪੜ੍ਹਾਈ ਦਾ ਉਦੇਸ਼ ਵਿਅਕਤੀ ਨੂੰ ਸਮੁਦਾਇ ਵਿਚ ਲਿਜਾ ਕੇ ਅਤੇ ਉਸ ਨੂੰ ਸਮੂਹਿਕ ਜੀਵਨ ਪ੍ਰਕਿਰਿਆ ਅਤੇ ਸਮੂਹਿਕ ਆਦਰਸ਼ਾਂ ਤੋਂ ਜਾਣੂ ਕਰਵਾ ਕੇ ਸਮਾਜਿਕਤਾ ਵੱਲ ਤੋਰਨਾ ਹੈ।" (The purpose of social studies in schools is social initiation or the development of social character by drawing the individual into the community, making him aware of its collective life and collective ideals.)

3. **ਵਰਤਮਾਨ ਨੂੰ ਸਪੱਸ਼ਟ ਕਰਨਾ** (To explain the present): ਸਮਾਜਿਕ ਅਧਿਐਨ ਦੇ ਸਿੱਖਣ ਦਾ ਇਕ ਹੋਰ ਉਦੇਸ਼ ਵਰਤਮਾਨ ਨੂੰ ਸਪੱਸ਼ਟ ਕਰਨਾ ਹੈ। ਇਹ ਅਜਿਹੇ ਵਿਦਿਆਰਥੀਆਂ ਨੂੰ ਆਧੁਨਿਕ ਸੰਸਾਰ ਦੀ ਜਾਣਕਾਰੀ ਪ੍ਰਦਾਨ ਕਰਕੇ ਸਮਾਜ ਵਿੱਚ ਚੰਗੀ ਤਰ੍ਹਾਂ ਸਥਾਪਿਤ ਕਰਦਾ ਹੈ। ਸੰਸਾਰ ਮੌਜੂਦਾ ਸਮੇਂ ਵਿਚ ਵਿਆਪਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਹ ਲਾਜ਼ਮੀ ਹੋ ਜਾਂਦਾ ਹੈ ਕਿ ਇਸ ਬਾਰੇ ਵਿਦਿਆਰਥੀਆਂ ਨੂੰ ਦੱਸ ਕੇ ਸਥਿਤੀ ਤੋਂ ਜਾਣੂ ਕਰਵਾਇਆ ਜਾਵੇ। ਇਸ ਸੰਬੰਧ ਵਿਚ ਜੇਮਸ ਹੈਮਿੰਗ *(James Hamming)* ਕਹਿੰਦੇ ਹਨ, "ਸਮਾਜਿਕ ਅਧਿਐਨ ਦਾ ਮੁੱਖ ਉਦੇਸ਼ ਵਰਤਮਾਨ ਦੀਆਂ ਸਮੱਸਿਆਵਾਂ ਦੀ ਉੱਤਮ ਸਮਝਦਾਰੀ ਪ੍ਰਦਾਨ ਕਰਨਾ ਹੈ।" (The main aim of social studies is to give a better understanding of present problems.)

4. **ਵਿਸ਼ੇ ਵਿਚ ਰੁਚੀ ਪੈਦਾ ਕਰਨਾ** (Creating interest in subject): ਮਨੁੱਖੀ ਜੀਵਨ ਵਿਚ ਸਮਾਜਿਕ ਅਧਿਐਨ ਵਿਸ਼ੇ ਦੀ ਆਪਣੀ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਇਸ ਵਿਸ਼ੇ ਦੇ ਮਾਧਿਅਮ ਰਾਹੀਂ ਮਨੁੱਖ ਭੂਤਕਾਲ ਬਾਰੇ ਜਾਣਕਾਰੀ

ਸਮਾਜਿਕ ਅਧਿਐਨ ਦਾ ਅਧਿਐਨ ਪ੍ਰਾਪਤ ਕਰਕੇ ਭਵਿੱਖ ਲਈ ਸੇਧ ਲੈਂਦਾ ਹੈ। ਸਮਾਜਿਕ ਅਧਿਐਨ ਅਧੀਨ ਭੂਗੋਲ, ਇਤਿਹਾਸ, ਨਾਗਰਿਕ-ਸ਼ਾਸਤਰ, ਅਰਥ-ਸ਼ਾਸਤਰ ਆਦਿ ਮਹੱਤਵਪੂਰਨ ਵਿਸ਼ੇ ਆਉਂਦੇ ਹਨ। ਇਹ ਅਜਿਹੇ ਵਿਸ਼ੇ ਹਨ ਜਿਹੜੇ ਮਨੁੱਖ ਨਾਲ ਸਿੱਧਾ ਸੰਬੰਧ ਰੱਖਦੇ ਹਨ ਅਤੇ ਇਹਨਾਂ ਦੇ ਅਧਿਐਨ ਤੋਂ ਬਾਅਦ ਹੀ ਮਨੁੱਖ ਰਾਸ਼ਟਰ ਦਾ ਜ਼ਿੰਮੇਵਾਰ ਨਾਗਰਿਕ ਬਣ ਸਕਦਾ ਹੈ। ਇਸ ਤਰ੍ਹਾਂ ਸਮਾਜਿਕ ਅਧਿਐਨ ਦੇ ਅਧਿਆਪਨ ਦਾ ਅਹਿਮ ਉਦੇਸ਼ ਇਸ ਵਿਸ਼ੇ ਪ੍ਰਤੀ ਵਿਦਿਆਰਥੀਆਂ 'ਚ ਰੁਚੀ ਪੈਦਾ ਕਰਨਾ ਹੈ।

5. **ਭੂਤ ਅਤੇ ਵਰਤਮਾਨ ਨੂੰ ਸਮਝਣਾ** (Understanding the past and present): ਸਮਾਜਿਕ ਅਧਿਐਨ ਦੇ ਅਧਿਆਪਨ ਦਾ ਉਦੇਸ਼ ਵਿਦਿਆਰਥੀਆਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਭੂਤ ਅਤੇ ਵਰਤਮਾਨ ਵਿਚਾਲੇ ਸਮਾਯੋਜਨ ਕਰ ਸਕਣ ਕਿਉਂਕਿ ਵਰਤਮਾਨ ਵਿਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਜਾਂ ਵਿਕਾਸ ਦੀਆਂ ਜੜ੍ਹਾਂ ਭੂਤਕਾਲ ਵਿਚ ਹੁੰਦੀਆਂ ਹਨ ਅਤੇ ਇਸ ਨੂੰ ਜਾਣੇ ਬਗੈਰ ਅਸੀਂ ਵਰਤਮਾਨ ਦੀਆਂ ਸਮੱਸਿਆਵਾਂ ਬਾਰੇ ਸਹੀ ਜਾਣਕਾਰੀ ਨਹੀਂ ਪ੍ਰਾਪਤ ਕਰ ਸਕਦੇ। ਪ੍ਰੋ. ਸੀ.ਜੀ. ਗੁਸਤਾਵਸਨ *(Prof. C. G. Gustavson)* ਨੇ ਠੀਕ ਕਿਹਾ ਹੈ, "ਇਕ ਮਨੋਵਿਗਿਆਨੀ ਡਾਕਟਰ ਵੀ ਬੀਮਾਰੀ ਦਾ ਹੱਲ ਲੱਭਣ ਤੋਂ ਪਹਿਲਾਂ, ਬੀਮਾਰੀ ਦੇ ਪੈਦਾ ਹੋਣ ਦੇ ਮੁੱਢਲੇ ਕਾਰਨਾਂ ਨੂੰ ਦੇਖਦਾ ਹੈ... ਠੀਕ ਉਸੇ ਤਰ੍ਹਾਂ ਰਾਸ਼ਟਰਾਂ ਅਤੇ ਸਮੁਦਾਇ ਦੀ ਵਰਤਮਾਨ ਕਿਰਿਆਵਾਂ ਅਤੇ ਉਸ ਦੇ ਸਰੂਪ ਦੀ ਪਿਛੋਕੜ ਦਾ ਅਧਿਐਨ ਭੂਤਕਾਲ ਵਿਚ ਹੀ ਹੈ।"[3] ਸਮਾਜਿਕ ਅਧਿਐਨ ਦੁਆਰਾ ਵਿਦਿਆਰਥੀਆਂ ਨੂੰ ਭੂਤਕਾਲ ਦੀਆਂ ਘਟਨਾਵਾਂ ਬਾਰੇ ਦੱਸ ਕੇ ਭਵਿੱਖ ਲਈ ਤਿਆਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਭੂਤਕਾਲ ਦੇ ਅਨੁਭਵ ਸਮਾਜ ਨੂੰ ਸਮੇਂ-ਸਮੇਂ 'ਤੇ ਸੇਧ ਦਿੰਦੇ ਰਹਿੰਦੇ ਹਨ ਅਤੇ ਸਮਾਜ ਨੂੰ ਪ੍ਰਗਤੀ ਦੇ ਰਾਹ ਵੱਲ ਲੈ ਕੇ ਜਾਂਦੇ ਹਨ।

6. **ਗਿਆਨਾਤਮਕ ਉਦੇਸ਼** (Cognitive objective): ਗਿਆਨਾਤਮਕ ਉਦੇਸ਼ ਅਧੀਨ ਵਿਦਿਆਰਥੀ ਸਮਾਜਿਕ ਅਧਿਐਨ ਨਾਲ ਸੰਬੰਧਿਤ ਤੱਥਾਂ, ਧਾਰਨਾਵਾਂ, ਸਿਧਾਂਤਾਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਕਿਰਿਆਵਾਂ ਦਾ ਗਿਆਨਾਤਮਕ ਪੱਖੋਂ ਅਧਿਐਨ ਕਰਦੇ ਹਨ। ਇਸ ਨਾਲ ਉਹਨਾਂ ਦੇ ਗਿਆਨ ਦਾ ਪੱਧਰ ਲਾਜ਼ਮੀ ਤੌਰ 'ਤੇ ਉੱਪਰ ਉੱਠਦਾ ਹੈ। ਇਸ ਤਰ੍ਹਾਂ ਸਮਾਜਿਕ ਅਧਿਐਨ ਦੇ ਅਧਿਆਪਨ ਦਾ ਉਦੇਸ਼ ਵਿਦਿਆਰਥੀਆਂ ਦੇ ਗਿਆਨਾਤਮਕ ਪੱਖ ਨੂੰ ਉੱਚਾ ਚੁੱਕਣਾ ਹੈ।

7. **ਉੱਤਮ ਚਰਿੱਤਰ ਦਾ ਵਿਕਾਸ** (To develop good character): ਸਮਾਜਿਕ ਅਧਿਐਨ ਦੇ ਅਧਿਆਪਨ ਰਾਹੀਂ ਬੱਚਿਆਂ ਵਿਚ ਚੰਗੇ ਚਰਿੱਤਰ ਦਾ ਵਿਕਾਸ ਕੀਤਾ ਜਾਂਦਾ ਹੈ। ਇਹ ਵਿਸ਼ਾ ਵਿਗਿਆਨ ਵੀ ਹੈ ਅਤੇ ਕਲਾ ਵੀ। ਇਹ ਅਜਿਹਾ ਦਰਸ਼ਨ ਹੈ, ਜਿਹੜਾ ਉਦਾਹਰਣਾਂ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਆ ਦਿੰਦਾ ਹੈ ਅਤੇ ਬੁੱਧੀਮਾਨ ਬਣਾਉਂਦਾ ਹੈ। ਸਮਾਜਿਕ ਅਧਿਐਨ ਵਿਚ ਮਹਾਂਪੁਰਸ਼ਾਂ, ਸਾਧੂ-ਸੰਤਾਂ, ਸਮਾਜ-ਸੁਧਾਰਕਾਂ ਅਤੇ ਲੀਡਰਾਂ ਦੇ ਉਪਦੇਸ਼ਾਂ ਨੂੰ ਵਿਸ਼ੇਸ਼ ਥਾਂ ਦਿੱਤੀ ਜਾਂਦੀ ਹੈ। ਇਸ ਦਾ ਵਿਦਿਆਰਥੀਆਂ ਦੇ ਚਰਿੱਤਰ ਉੱਤੇ ਵਿਆਪਕ ਪ੍ਰਭਾਵ ਪੈਂਦਾ ਹੈ ਕਿਉਂਕਿ ਉਹ ਇਹਨਾਂ ਦੀਆਂ ਸਿੱਖਿਆਵਾਂ ਤੋਂ ਕਾਫੀ ਕੁਝ ਸਿੱਖਦੇ ਹਨ।

8. **ਆਦਤਾਂ ਅਤੇ ਹੁਨਰਾਂ ਦਾ ਵਿਕਾਸ** (Development of habits and skills): ਸਮਾਜਿਕ ਅਧਿਐਨ ਵਿਚ ਆਦਤਾਂ ਅਤੇ ਹੁਨਰਾਂ ਦੀ ਅਹਿਮ ਮਹੱਤਤਾ ਹੁੰਦੀ ਹੈ। ਸਮਾਜਿਕ ਅਧਿਐਨ ਵਿਚ ਸਾਡਾ ਉਦੇਸ਼ ਅਧਿਐਨ ਸੰਬੰਧੀ ਆਦਤਾਂ ਦਾ ਹੀ ਵਿਕਾਸ ਕਰਨਾ ਨਹੀਂ ਹੁੰਦਾ, ਸਗੋਂ ਪਾਠ-ਪੁਸਤਕ ਦੇ ਅਧਿਐਨ ਤੋਂ ਲੈ ਕੇ ਵੱਖ-ਵੱਖ ਪ੍ਰਕਾਰ ਦੀਆਂ ਹਾਲਤਾਂ ਵਿਚ ਭਾਵਨਾਵਾਂ ਨੂੰ ਕੰਟਰੋਲ ਵਿਚ ਰੱਖਣ ਦੀ ਆਦਤ ਦਾ ਨਿਰਮਾਣ ਕਰਨਾ ਵੀ ਹੁੰਦਾ ਹੈ। ਹੁਨਰ ਸਧਾਰਨ ਆਦਤਾਂ ਦੀ ਹੀ ਉੱਚ ਸਟੇਜ ਹੈ। ਸਮਾਜਿਕ ਅਧਿਐਨ ਵਿਚ ਮਾਨ-ਚਿੱਤਰਾਂ ਦੀ ਰੂਪ-ਰੇਖਾਵਾਂ, ਚਾਰਟ, ਗ੍ਰਾਫ ਅਤੇ ਮਾਡਲ ਆਦਿ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਵਿਸ਼ੇ ਰਾਹੀਂ ਵਿਦਿਆਰਥੀਆਂ ਅੰਦਰ ਹੁਨਰਾਂ ਦਾ ਵਿਕਾਸ ਕੀਤਾ ਜਾਂਦਾ ਹੈ।

9. **ਉਚਿਤ ਦ੍ਰਿਸ਼ਟੀਕੋਣ ਦਾ ਵਿਕਾਸ** (Development of right attitude): ਸਮਾਜਿਕ ਅਧਿਐਨ ਦਾ ਮੁੱਖ ਉਦੇਸ਼ ਉਚਿਤ ਦ੍ਰਿਸ਼ਟੀਕੋਣ ਦਾ ਵਿਕਾਸ ਵੀ ਕਰਨਾ ਹੈ। ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਮਨੁੱਖੀ ਵਿਵਹਾਰ ਦਾ ਮਹੱਤਵਪੂਰਨ ਹਿੱਸਾ ਹੈ। ਦ੍ਰਿਸ਼ਟੀਕੋਣ ਬੌਧਿਕ ਅਤੇ ਭਾਵਨਾਤਮਕ ਦੋਨੋਂ ਤਰ੍ਹਾਂ ਦੇ ਹੋ ਸਕਦੇ ਹਨ ਜਦਕਿ ਭਾਵਨਾਤਮਕ ਦ੍ਰਿਸ਼ਟੀਕੋਣ ਵਿਚ ਈਰਖਾ, ਨਾ-ਫ਼ਰਮਾਨੀ, ਬੁਰਾ-ਵਿਵਹਾਰ ਆਦਿ ਸ਼ਾਮਿਲ ਹੁੰਦੇ ਹਨ। ਇਹ ਦੋਵੇਂ ਦ੍ਰਿਸ਼ਟੀਕੋਣ ਵਿਦਿਆਰਥੀਆਂ ਵਿਚ ਪਾਏ ਜਾਂਦੇ ਹਨ। ਇਸ ਕਰਕੇ ਅਧਿਆਪਕ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਬੱਚਿਆਂ ਵਿਚ ਚੰਗੇ ਦ੍ਰਿਸ਼ਟੀਕੋਣ ਦਾ ਵਿਕਾਸ ਕਰੇ। ਸਮਾਜਿਕ ਅਧਿਐਨ ਦੇ ਉਦੇਸ਼ਾਂ ਵਿਚ ਅਜਿਹੀਆਂ ਕਈ ਗੱਲਾਂ ਨੂੰ ਸ਼ਾਮਿਲ ਕੀਤਾ

3. C.G. G...

ਗਿਆ ਹੈ, ਜੋ ਬੱਚਿਆਂ ਵਿਚ ਚੰਗੇ ਗੁਣਾਂ ਦਾ ਸੰਚਾਰ ਅਤੇ ਉਚਿਤ ਦ੍ਰਿਸ਼ਟੀਕੋਣ ਦਾ ਵਿਕਾਸ ਕਰਨ। ਬਾਈਨਿੰਗ ਅਤੇ ਬਾਈਨਿੰਗ (*Bining & Bining*) ਅਨੁਸਾਰ, "ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਵਿਚ ਵਿਗਿਆਨਿਕ ਦ੍ਰਿਸ਼ਟੀਕੋਣ, ਭਗਤੀ ਭਾਵਨਾ, ਸੱਚਾਈ, ਸਹਿਣਸ਼ੀਲਤਾ, ਸਹਿਯੋਗ, ਨਾਗਰਿਕ ਜ਼ਿੰਮੇਵਾਰੀਆਂ ਬੁੱਧੀਪੂਰਨ ਆਸ਼ਾਵਾਦੀਤਾ ਦੇ ਉਚਿਤ ਦ੍ਰਿਸ਼ਟੀਕੋਣ ਦੇ ਵਿਕਾਸ ਲਈ ਸਾਰੇ ਮੌਕਿਆਂ ਦਾ ਉਪਯੋਗ ਕਰਨਾ ਚਾਹੀਦਾ ਹੈ।" (Attitudes of scientific, mindedness of loyalty, of truthfullness, of tolerance, of co-operative, of civic gratitude and above all, of intelligent optism are among the right attitudes that the teacher of social studies must seek at every opportunity to develop in his pupils.)[4]

10. **ਵਿਰਸੇ ਅਤੇ ਸਮਾਜਿਕ ਸਮੱਸਿਆਵਾਂ ਦਾ ਗਿਆਨ** (Knowledge of heritage and social problems): ਸਮਾਜਿਕ ਅਧਿਐਨ ਦੇ ਅਧਿਆਪਨ ਦਾ ਇਕ ਹੋਰ ਉਦੇਸ਼ ਬੱਚਿਆਂ ਨੂੰ ਉਹਨਾਂ ਦੇ ਵਿਰਸੇ ਨਾਲ ਜੋੜਨਾ ਅਤੇ ਸਮਾਜਿਕ ਸਮੱਸਿਆਵਾਂ ਦਾ ਗਿਆਨ ਦੇਣਾ ਹੈ। ਸਮਾਜਿਕ ਅਧਿਐਨ ਅਧੀਨ ਬੱਚਿਆਂ ਨੂੰ ਸਮਾਜ ਨਾਲ ਸੰਬੰਧਿਤ ਵੱਖ-ਵੱਖ ਸਮੱਸਿਆਵਾਂ ਬਾਰੇ ਜਾਣੂ ਕਰਵਾ ਕੇ ਉਸ ਦੇ ਹੱਲ ਬਾਰੇ ਦੱਸਿਆ ਜਾਂਦਾ ਹੈ। ਸੱਭਿਆਚਾਰਕ ਵਿਰਸੇ ਬਾਰੇ ਬੱਚਿਆਂ ਨੂੰ ਗਿਆਨ ਦੇ ਕੇ ਉਹਨਾਂ ਵਿਚ ਰਾਸ਼ਟਰ ਭਗਤੀ, ਭਾਈਚਾਰਾ ਅਤੇ ਸਮਾਨਤਾ ਆਦਿ ਦੇ ਗੁਣਾਂ ਦਾ ਸੰਚਾਰ ਕੀਤਾ ਜਾ ਸਕਦਾ ਹੈ। ਇਹ ਵਿਸ਼ਾ ਵਿਦਿਆਰਥੀਆਂ ਨੂੰ ਰਾਸ਼ਟਰੀ ਪਛਾਣ ਦਿੰਦੇ ਹੋਏ ਸੱਭਿਆਚਾਰਕ ਪਰੰਪਰਾਵਾਂ ਦੇ ਪ੍ਰਤੀ ਭਗਤੀ ਭਾਵਨਾ ਦਾ ਵਿਕਾਸ ਕਰਕੇ ਰਾਸ਼ਟਰ ਨੂੰ ਪ੍ਰਭਾਵਸ਼ਾਲੀ ਵਿਕਾਸ ਵੱਲ ਤੋਰਦਾ ਹੈ।

11. **ਲੋਕਤੰਤਰੀ ਮੁੱਲਾਂ ਦਾ ਵਿਕਾਸ** (Development of democratic values): ਅਜੋਕੇ ਸਮੇਂ ਵਿਚ ਲੋਕਤੰਤਰ ਕੋਈ ਰਾਜਨੀਤਿਕ ਵਿਚਾਰਧਾਰਾ ਨਹੀਂ ਰਹੀ, ਸਗੋਂ ਇਹ ਜੀਵਨ ਦਾ ਅਨਿੱਖੜਵਾਂ ਹਿੱਸਾ ਬਣ ਗਈ ਹੈ। ਸਮਾਜਿਕ ਅਧਿਐਨ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਅੰਦਰ ਵੱਖ-ਵੱਖ ਲੋਕਤੰਤਰੀ ਗੁਣਾਂ, ਜਿਵੇਂ: ਨਿਆਂ, ਸਮਾਨਤਾ, ਭਾਈਚਾਰੇ ਅਤੇ ਸੱਚਾਈ ਆਦਿ, ਦਾ ਸੰਚਾਰ ਕੀਤਾ ਜਾ ਸਕਦਾ ਹੈ। ਸੰਖੇਪ 'ਚ ਸਮਾਜਿਕ ਅਧਿਐਨ ਦੇ ਅਧਿਆਪਨ ਰਾਹੀਂ ਵਿਦਿਆਰਥੀਆਂ ਅੰਦਰ ਲੋਕਤੰਤਰੀ ਮੁੱਲਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ।

12. **ਸਿਰਜਨਾਤਮਕ ਚਿੰਤਨ ਦਾ ਵਿਕਾਸ** (Development of creative thinking): ਸਮਾਜਿਕ ਅਧਿਐਨ ਵਿਦਿਆਰਥੀਆਂ ਅੰਦਰ ਸਿਰਜਨਾਤਮਕ ਚਿੰਤਨ ਵਿਕਸਿਤ ਕਰਦਾ ਹੈ। ਇਸ ਵਿਸ਼ੇ ਦੇ ਮਾਧਿਅਮ ਰਾਹੀਂ ਬੱਚੇ ਬਹੁਤ ਸਾਰੇ ਤੱਥਾਂ/ਸੱਚਾਈਆਂ ਤੋਂ ਵਾਕਫ ਹੁੰਦੇ ਹਨ, ਜਿਸ ਨਾਲ ਉਹਨਾਂ ਵਿਚ ਸਿਰਜਨ ਸ਼ਕਤੀ ਦਾ ਵਿਕਾਸ ਹੁੰਦਾ ਹੈ। ਸਮਾਜਿਕ ਅਧਿਐਨ ਅਧੀਨ ਭੂਗੋਲ, ਇਤਿਹਾਸ, ਨਾਗਰਿਕ-ਸ਼ਾਸਤਰ ਅਤੇ ਅਰਥ-ਸ਼ਾਸਤਰ ਵਰਗੇ ਅਹਿਮ ਵਿਸ਼ੇ ਆ ਜਾਂਦੇ ਹਨ। ਇਹ ਅਜਿਹੇ ਵਿਸ਼ੇ ਹਨ, ਜਿਹੜੇ ਵਿਦਿਆਰਥੀਆਂ ਵਿਚ ਸਿਰਜਨਾਤਮਕ ਚਿੰਤਨ ਦਾ ਵਿਕਾਸ ਕਰਦੇ ਹਨ।

13. **ਕਲਪਨਾ ਸ਼ਕਤੀ ਦਾ ਵਿਕਾਸ** (Development of immagination power): ਸਮਾਜਿਕ ਅਧਿਐਨ ਵਿਦਿਆਰਥੀਆਂ ਨੂੰ ਭੂਤਕਾਲ ਦੀਆਂ ਘਟਨਾਵਾਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਵਿਚਲੀਆਂ ਹੋਰ ਹਾਲਤਾਂ ਤੋਂ ਵੀ ਜਾਣੂ ਕਰਵਾਉਂਦਾ ਹੈ। ਅਧਿਆਪਕ ਵਿਦਿਆਰਥੀਆਂ ਅੱਗੇ ਪਿਛੋਕੜ ਦੀਆਂ ਬਹੁਤ ਸਾਰੀਆਂ ਘਟਨਾਵਾਂ ਦਾ ਦ੍ਰਿਸ਼ ਪੇਸ਼ ਕਰਦਾ ਹੈ। ਇਸ ਦਾ ਵਿਦਿਆਰਥੀਆਂ ਦੇ ਮਾਨਸਿਕ ਪੱਧਰ 'ਤੇ ਵਿਆਪਕ ਪ੍ਰਭਾਵ ਪੈਂਦਾ ਹੈ ਕਿਉਂਕਿ ਉਹ ਵਰਤਮਾਨ ਵਿਚ ਰਹਿੰਦੇ ਹੋਏ ਪਿਛੋਕੜ ਦੀਆਂ ਘਟਨਾਵਾਂ ਦਾ ਸਜੀਵ ਚਿੱਤਰ ਬਣਾ ਲੈਂਦੇ ਹਨ, ਜਿਸ ਨਾਲ ਉਹਨਾਂ ਨੂੰ ਘਟਨਾ ਬਾਰੇ ਕਾਫੀ ਹੱਦ ਤੱਕ ਸਹੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ।

14. **ਤਰਕ/ਅਲੋਚਨਾਤਮਕ ਸ਼ਕਤੀ ਦਾ ਵਿਕਾਸ** (Development of reasoning/critical powers): ਸਮਾਜਿਕ ਅਧਿਐਨ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਵਿਚ ਤਰਕ/ਅਲੋਚਨਾਤਮਕ ਸ਼ਕਤੀ ਦਾ ਵਿਕਾਸ ਕੀਤਾ ਜਾਂਦਾ ਹੈ। ਵਿਦਿਆਰਥੀ ਇਸ ਵਿਸ਼ੇ ਅਧੀਨ ਵੱਖ-ਵੱਖ ਤੱਥਾਂ ਦੀ ਪੜਤਾਲ ਤਰਕ ਦੇ ਆਧਾਰ 'ਤੇ ਕਰਨ ਦੇ ਯੋਗ ਹੋ ਜਾਂਦੇ ਹਨ ਅਤੇ ਉਸ ਸੰਬੰਧੀ ਕੋਈ ਫੈਸਲਾ ਦੇਣ ਲੱਗੇ ਉਸ ਦੇ ਅਲੋਚਨਾਤਮਕ ਪੱਖ ਨੂੰ ਧਿਆਨ ਵਿਚ ਰੱਖਦੇ ਹਨ। ਇਸ ਤਰ੍ਹਾਂ ਸਮਾਜਿਕ ਅਧਿਐਨ ਦਾ ਉਦੇਸ਼ ਵਿਦਿਆਰਥੀਆਂ ਅੰਦਰ ਤਰਕ/ਅਲੋਚਨਾਤਮਕ ਸ਼ਕਤੀ ਦਾ ਵਿਕਾਸ ਕਰਨਾ ਵੀ ਹੈ।

15. **ਵਾਤਾਵਰਨ ਦਾ ਗਿਆਨ** (Knowledge of the environment): ਹਰੇਕ ਵਿਅਕਤੀ ਦਾ ਵਾਤਾਵਰਨ ਨਾਲ ਡੂੰਘਾ ਸੰਬੰਧ ਹੁੰਦਾ ਹੈ ਕਿਉਂਕਿ ਉਸ ਦਾ ਜਨਮ-ਮਰਨ ਉਸੇ ਵਾਤਾਵਰਨ ਵਿਚ ਹੁੰਦਾ ਹੈ ਜਿਸ ਵਿਚ ਉਹ ਰਹਿੰਦਾ ਹੈ। ਭੂਗੋਲਿਕ ਵਾਤਾਵਰਨ ਮਨੁੱਖ ਦੇ ਰਹਿਣ-ਸਹਿਣ, ਖਾਣ-ਪਾਣ, ਪਹਿਰਾਵੇ ਅਤੇ ਰੁਜ਼ਗਾਰ ਆਦਿ ਉੱਤੇ ਮਹੱਤਵਪੂਰਨ ਪ੍ਰਭਾਵ ਪਾਉਂਦਾ ਹੈ, ਜਦਕਿ ਸਮਾਜਿਕ ਵਾਤਾਵਰਨ ਉਸ ਨੂੰ ਵਧੀਆ ਸਮਾਜਿਕ ਪ੍ਰਾਣੀ ਬਣਾਉਂਦਾ ਹੈ ਅਤੇ ਉਸ ਦੇ ਵਿਚਾਰਾਂ, ਦ੍ਰਿਸ਼ਟੀਕੋਣਾਂ ਅਤੇ ਸ਼ੈਲੀਆਂ ਨੂੰ ਪ੍ਰਭਾਵਿਤ ਕਰਦਾ ਹੈ। ਵਾਤਾਵਰਨ ਹੀ ਉਸ ਦੇ ਵਿਚਾਰਾਂ ਵਿਚ ਨਵੇਕਲਾਪਨ ਲਿਆਉਂਦਾ ਹੈ। ਇਸ ਤਰ੍ਹਾਂ ਵਾਤਾਵਰਨ ਮਨੁੱਖ ਨੂੰ ਬਹੁਤ ਸਾਰੀਆਂ ਗੱਲਾਂ ਸਿਖਾਉਂਦਾ ਹੈ। ਸਮਾਜਿਕ ਅਧਿਐਨ ਵਾਤਾਵਰਨ ਦੇ ਦੋਹਾਂ ਰੂਪਾਂ—ਭੂਗੋਲਿਕ ਅਤੇ ਸਮਾਜਿਕ—ਦਾ ਗਿਆਨ ਦੇ ਕੇ ਮਨੁੱਖ ਨੂੰ ਸਮਾਜ ਦਾ ਜ਼ਿੰਮੇਵਾਰ ਅਤੇ ਉਪਯੋਗੀ ਨਾਗਰਿਕ ਬਣਾਉਂਦਾ ਹੈ।

16. **ਅਪਣੱਤ ਦੀ ਭਾਵਨਾ ਦਾ ਵਿਕਾਸ** (Development of a sense of belongingness): ਸਮਾਜਿਕ ਅਧਿਐਨ ਦੇ ਅਹਿਮ ਉਦੇਸ਼ਾਂ ਵਿਚ ਇਕ ਉਦੇਸ਼ ਵਿਦਿਆਰਥੀਆਂ ਵਿਚ ਅਪਣੱਤ ਦੀ ਭਾਵਨਾ ਦਾ ਵਿਕਾਸ ਕਰਨਾ ਵੀ ਹੈ। ਮੌਜੂਦਾ ਸਮੇਂ ਵਿਚ ਦੇਸ਼ ਦੇ ਜ਼ਿਆਦਾਤਰ ਲੋਕਾਂ ਵਿਚ ਬੇਚੈਨੀ (Unrest) ਪੈਦਾ ਹੋ ਰਹੀ, ਜਿਸ ਕਰਕੇ ਤੋੜ-ਫੋੜ, ਦੰਗੇ-ਫ਼ਸਾਦ, ਮਾਰ-ਕਾਟ ਵਰਗੀਆਂ ਵਾਰਦਾਤਾਂ ਵਿਚ ਇਜ਼ਾਫਾ ਹੋ ਰਿਹਾ ਹੈ। ਲੋੜ ਇਸ ਗੱਲ ਦੀ ਹੈ ਕਿ ਲੋਕਾਂ ਵਿਚ ਅਪਣੱਤ ਦੀ ਭਾਵਨਾ ਵਿਕਸਿਤ ਕੀਤੀ ਜਾਵੇ, ਜਿਵੇਂ ਇਹ ਮੇਰਾ ਸਕੂਲ, ਮੇਰਾ ਦੇਸ਼ ਹੈ ਜਾਂ ਮੇਰਾ ਪ੍ਰਦੇਸ਼। ਇਸ ਤਰ੍ਹਾਂ ਦੀ ਭਾਵਨਾ ਨਾਲ ਹੀ ਉਹਨਾਂ ਅੰਦਰ ਸਮਾਜਿਕਤਾ ਦਾ ਵਿਕਾਸ ਕੀਤਾ ਜਾ ਸਕਦਾ ਹੈ। ਸਮਾਜਿਕ ਅਧਿਐਨ ਦਾ ਵਿਸ਼ਾ ਇਸ ਵਿਚ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਦਾ ਹੈ ਕਿਉਂਕਿ ਇਸ ਵਿਸ਼ੇ ਵਿਚ ਅਜਿਹੇ ਤੱਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਨਾਲ ਵਿਦਿਆਰਥੀਆਂ ਵਿਚ ਅਪਣੱਤ ਦੀ ਭਾਵਨਾ ਵਿਕਸਿਤ ਹੋਵੇ।

17. **ਸਮਾਜ ਦੇ ਨਾਲ ਰਹਿਣ ਦੀ ਕਲਾ** (Art of living with community): ਮਾਣ-ਸਤਿਕਾਰ ਹਰੇਕ ਵਿਅਕਤੀ ਦੇ ਜੀਵਨ ਵਿਚ ਅਹਿਮ ਸਥਾਨ ਰੱਖਦਾ ਹੈ। ਹਰੇਕ ਵਿਅਕਤੀ ਦੀ ਇਹ ਇੱਛਾ ਹੁੰਦੀ ਹੈ ਕਿ ਦੂਜਿਆਂ ਤੋਂ ਉਸ ਨੂੰ ਸਤਿਕਾਰ ਮਿਲੇ। ਇਸ ਲਈ ਜ਼ਰੂਰੀ ਹੈ ਕਿ ਉਹ ਦੂਜਿਆਂ ਨਾਲ ਮੇਲ-ਜੋਲ ਤੇ ਪਿਆਰ ਵਧਾਵੇ ਅਤੇ ਉਹਨਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰੇ। ਸਮਾਜ ਵਿਚ ਵਧੀਆ ਮਾਹੌਲ ਬਣਾਉਣ ਲਈ ਜ਼ਰੂਰੀ ਹੈ ਕਿ ਸਮਾਜਿਕ ਨਿਆਂ (Social Justice) ਸਥਾਪਿਤ ਕੀਤਾ ਜਾਵੇ ਅਤੇ ਇਹ ਉਦੋਂ ਹੀ ਸਥਾਪਿਤ ਕੀਤਾ ਜਾ ਸਕਦਾ ਹੈ ਜਦੋਂ ਸਮਾਜਿਕ ਬੁਰਾਈਆਂ ਅਤੇ ਭ੍ਰਿਸ਼ਟਾਚਾਰ 'ਤੇ ਕਾਬੂ ਪਾਇਆ ਜਾਵੇ। ਸਮਾਜਿਕ ਅਧਿਐਨ ਅਜਿਹੀਆਂ ਚੀਜ਼ਾਂ 'ਤੇ ਜਿਆਦਾ ਜ਼ੋਰ ਦਿੰਦਾ ਹੈ ਤਾਂ ਕਿ ਸਮਾਜ ਨੂੰ ਭੈੜੀਆਂ ਬੁਰਾਈਆਂ ਤੋਂ ਦੂਰ ਰੱਖਿਆ ਜਾ ਸਕੇ ਅਤੇ ਪੜ੍ਹੇ-ਲਿਖੇ ਸਮਾਜ ਨੂੰ ਉਸਾਰ ਕੇ ਅਜਿਹੇ ਉਪਰਾਲੇ ਕੀਤੇ ਜਾਣ ਜਿਸ ਨਾਲ ਉਹ ਆਪਸ ਵਿਚ ਮਿਲ-ਜੁਲ ਕੇ ਰਹਿਣ।

18. **ਸ਼ਖਸੀਅਤ ਦਾ ਵਿਕਾਸ** (Development of the personality): ਸਿੱਖਿਆ ਮਨੁੱਖ ਦਾ ਸਰਵਪੱਖੀ ਵਿਕਾਸ ਕਰਦੀ ਹੈ। ਸਮਾਜਿਕ ਅਧਿਐਨ ਦਾ ਵਿਸ਼ਾ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਮਾਜਿਕ ਅਧਿਐਨ ਦਾ ਵਿਸ਼ਾ-ਵਸਤੂ ਬੱਚਿਆਂ ਦੇ ਸਰੀਰਿਕ, ਬੌਧਿਕ, ਭਾਵਨਾਤਮਕ, ਨੈਤਿਕ ਪੱਖ ਨਾਲ ਸੰਬੰਧਿਤ ਹਰੇਕ ਤਰ੍ਹਾਂ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਉਂਦਾ ਹੈ। ਸਮਾਜਿਕ ਅਧਿਐਨ ਬੱਚੇ ਦੀ ਸੰਪੂਰਨ ਸ਼ਖਸੀਅਤ ਦਾ ਵਿਕਾਸ ਕਰਕੇ ਉਸ ਨੂੰ ਸਮਾਜ ਦਾ ਜ਼ਿੰਮੇਵਾਰ ਨਾਗਰਿਕ ਬਣਾਉਂਦਾ ਹੈ। ਸੈਕੰਡਰੀ ਸਿੱਖਿਆ ਕਮਿਸ਼ਨ (1952-53) ਨੇ ਵੀ ਬੱਚੇ ਦੀ ਸ਼ਖਸੀਅਤ ਦੇ ਵਿਕਾਸ ਵੱਲ ਵਿਆਪਕ ਧਿਆਨ ਦਿੰਦੇ ਹੋਏ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕੀਤੇ।

19. **ਰਾਸ਼ਟਰੀ ਪਛਾਣ ਅਤੇ ਏਕਤਾ** (National identity and integration): ਸਮਾਜਿਕ ਅਧਿਐਨ ਸਾਰੇ ਵਿਸ਼ਿਆਂ ਵਿੱਚੋਂ ਇਕ ਅਜਿਹਾ ਵਿਸ਼ਾ ਹੈ, ਜਿਹੜਾ ਵਿਅਕਤੀ ਨੂੰ ਰਾਸ਼ਟਰੀ ਪਛਾਣ ਦਿੰਦਾ ਹੈ। ਇਸ ਵਿਸ਼ੇ ਦੇ ਮਾਧਿਅਮ ਰਾਹੀਂ ਵਿਦਿਆਰਥੀ ਆਪਣੀ ਸੱਭਿਅਤਾ ਅਤੇ ਸੱਭਿਆਚਾਰ ਤੋਂ ਜਾਣੂ ਹੁੰਦੇ ਹਨ, ਜਿਸ ਨਾਲ ਉਹਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੁੜਨ ਦਾ ਮੌਕਾ ਮਿਲਦਾ ਹੈ, ਨਾਲ ਹੀ ਇਹ ਉਹਨਾਂ ਨੂੰ ਪਛਾਣ ਦਿੰਦਾ ਹੈ। ਰਾਸ਼ਟਰੀ ਪਛਾਣ ਤੋਂ ਇਲਾਵਾ ਇਹ ਵਿਸ਼ਾ ਰਾਸ਼ਟਰੀ ਏਕਤਾ ਸਥਾਪਿਤ ਕਰਨ ਵਿਚ ਵੀ ਸਹਾਇਤਾ ਕਰਦਾ ਹੈ। ਹੁਮਾਯੂੰ ਕਬੀਰ *(Humayun Kabir)* ਅਨੁਸਾਰ, "ਰਾਸ਼ਟਰੀ ਭਾਵਨਾ ਉਹ ਭਾਵਨਾ ਹੈ, ਜਿਹੜੀ ਰਾਸ਼ਟਰ ਲਈ ਅਪਣੱਤ ਦੀ ਭਾਵਨਾ ਉੱਤੇ ਆਧਾਰਿਤ ਹੈ।" (National feeling is that feeling which depends upon we feeling towards the nation.) ਸਮਾਜਿਕ ਅਧਿਐਨ ਵਿਚ ਅਜਿਹੇ ਕਈ ਤੱਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ ਰਾਸ਼ਟਰੀ ਏਕਤਾ ਸਥਾਪਿਤ ਕਰਨ ਵਿਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਹਨ, ਉਦਾਹਰਣ ਵਜੋਂ ਸਾਂਝੀ ਅਜ਼ਾਦੀ-ਸੰਘਰਸ਼, ਸਾਂਝਾ ਵਿਰਸਾ ਆਦਿ।